# ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਸੰਗਰੂਰ।

ਨੰ: ਸਰਸ/ਆਰ.ਕੇ.–1/ 689 ਮਿਤੀ/ 18/7/23

ਰਿਣ-2 ਡਾਇਰੀ ਨੰ: 1952 ਮਿਤੀ 31/07/23

ਨੰਬਰ 1897 31 JUL 2023

ਸੇਵਾ ਵਿਖੇ

ਮਾਨਯੋਗ ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਵਿਸ਼ਾ : **ਦੀ ਲੌਂਗੋਵਾਲ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਵਿੱਚ ਸੇਲਜਮੈਨ ਦੀ ਨਿਯੁਕਤੀ ਦੀ ਪ੍ਰਵਾਨਗੀ ਸਬੰਧੀ।**

ਉਪਰੋਕਤ ਵਿਸੇ ਸਬੰਧੀ ਦੀ ਲੌਂਗੋਵਾਲ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਵਿੱਚ ਸੇਲਜਮੈਨ ਦੀ ਭਰਤੀ ਸਬੰਧੀ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾ, ਪੰਜਾਬ, ਚੰਡੀਗੜ ਜੀ ਵੱਲੋ ਉਨਾਂ ਦੇ ਦਫਤਰ ਦੇ ਪੱਤਰ ਨੰ: ਰਸਸ/ਰਿਣ–2/ਸੀ.ਈ.ਏ.4/ਨਿ:ਸੰਗਰੂਰ/20778 ਮਿਤੀ 13.12.2022 ਰਾਹੀਂ ਮੰਨਜ਼ੂਰੀ ਪ੍ਰਾਪਤ ਹੋਈ ਹੈ। ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ ਜੀ ਦੇ ਮੀਮੋ ਨੰ: ਰਸਸ/ਰਿਣ–2/ਸੀ.ਈ.ਏ.4/1022–24 ਮਿਤੀ 27/01/2020 ਅਨੁਸਾਰ ਕਰਮਚਾਰੀਆਂ ਦੀ ਭਰਤੀ ਸਬੰਧੀ ਪਾਰਦਰਸਤਾ ਲਿਆਉਣ ਲਈ ਇਸਤਿਹਾਰਾਂ ਨੂੰ ਆਨਲਾਈਨ ਕਰਨ ਲਈ ਹੁਕਮ ਕੀਤੇ ਗਏ ਸਨ। ਸੋ ਉਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਿਤੀ 18/07/2023 ਨੂੰ ਪੰਜਾਬੀ ਦੇ ਅਖਬਾਰ ਅਜੀਤ ਅਤੇ ਪੰਜਾਬੀ ਟ੍ਰਿਬਿਊਨ ਵਿੱਚ ਸੇਲਜਮੈਨ ਦੀ ਨਿਯੁਕਤੀ ਸਬੰਧੀ ਇਸਤਿਹਾਰ ਜਾਰੀ ਕੀਤਾ ਗਿਆ ਹੈ। ਇਨਾਂ ਇਸਤਿਹਾਰਾਂ ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਬੇਨਤੀ ਕੀਤੀ ਜਾਦੀ ਹੈ ਕਿ ਇਨਾਂ ਇਸਤਿਹਾਰ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

**ਨੱਥੀ :ਇਸਤਿਹਾਰਾ ਦੀ ਕਾਪੀ**

ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ, ਸੰਗਰੂਰ।

ਰਜੀਤ
ਠ ਹੋਈ।
ਤੇ ਬੀਬੀ
ਸਾਲ ਦੀ ਤਰ੍ਹਾਂ
ਜੀ ਦੀ ਸਾਲਾਨਾ
ਬੰਧੀ 2 ਤੋਂ 5 ਅਗਸਤ
ਰਹੇ ਸਮਾਗਮ ਜਿਨ੍ਹਾਂ ਵਿਚ
ਸਕੂਲ ਵਿਦਿਆਰਥੀਆਂ

ਸਮੇਂ ਸੁਰਿੰਦਰਪਾਲ ਸਿੰਘ ਸਿਦਕੀ, ਪ੍ਰੋ: ਸੰਤੋਖ ਕੌਰ, ਪ੍ਰੀਤਇੰਦਰ ਕੌਰ, ਪ੍ਰਿੰਸੀਪਲ ਗੁਰਮੀਤ ਕੌਰ ਭੱਠਲ, ਅਮਰਜੀਤ ਕੌਰ, ਸਰੋਜ ਰਾਣੀ, ਰਜਿੰਦਰ ਸਿੰਘ, ਕੁਲਵੰਤ ਸਿੰਘ, ਮੁਖ਼ਤਿਆਰ ਸਿੰਘ, ਕੇਵਲ ਸਿੰਘ, ਬਲਵੰਤ ਸਿੰਘ, ਜਗਜੀਤ ਸਿੰਘ, ਗੁਰਬਚਨ ਸਿੰਘ, ਆਦਿ ਸਮੇਤ ਸਲਾਹਕਾਰ ਕਮੇਟੀ ਮੈਂਬਰ ਹਾਜ਼ਰ ਸਨ।

## ਸਮਾਗਮ ਕਰਵਾਇਆ



ਗੂ ਘਰ ਦੇ ਗ੍ਰੰਥੀ। ਫੋਟੋ: ਚੀਮਾ

ਹਾ ਕਿ ਅੰਗਰੇਜ਼ ਹਕੂਮਤ ਸੰਘਰਸ਼ ਨੂੰ ਜਬਰੀ ਕੁਚਲਣ ਵਕਤ ਦੇ ਹਾਕਮਾਂ ਵੱਲੋਂ ਰ ਢਾਹੇ ਗਏ ਜ਼ੁਲਮ ਦੌਰਾਨ ਸਾਕਾ ਵਾਪਰਿਆ ਸੀ। . ਜਮੀਲ ਉਰ ਰਹਿਮਾਨ ਨੇ ਯਾਦ ਵਿਚ ਯਾਦਗਾਰੀ ਗੇਟ ਬਣਾਉਣ ਲਈ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਜਦਕਿ ਚੇਅਰਮੈਨ ਸਾਕਿਬ ਅਲੀ ਰਾਜਾ ਨੇ ਆਪਣੇ ਕੋਟੇ ਵਿਚੋਂ 2 ਲੱਖ ਰੁਪਏ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਮਾਰਕੀਟ ਕਮੇਟੀ ਸੰਦੌੜ ਦੇ ਚੇਅਰਮੈਨ ਕਰਮਜੀਤ ਸਿੰਘ ਕੁਠਾਲਾ, ਆੜ੍ਹਤੀਆ ਰਮਿੰਦਰ ਸਿੰਘ ਮਾਨ, ਸਰਪੰਚ ਗੁਰਲਵਲੀਨ ਸਿੰਘ ਲਵਲੀ, ਡਾ. ਮਨਦੀਪ ਸਿੰਘ ਖੁਰਦ, ਸੰਤੋਖ ਸਿੰਘ ਦਸੌਧਾ ਸਿੰਘ ਵਾਲਾ, ਜਗਤਾਰ ਸਿੰਘ ਜੱਸਲ, ਨੰਬਰਦਾਰ ਰਾਜ ਸਿੰਘ ਦੁਲਮਾਂ, ਰਾਜੂ ਕੁਠਾਲਾ, ਅਮੋਲਕ ਸਿੰਘ ਮਾਨ, ਚਰਨਜੀਤ ਸਿੰਘ ਚੰਨਾ ਚੀਮਾ, ਬਾਬਾ ਜਗਦੀਪ ਸਿੰਘ, ਹਰਵਿੰਦਰ ਸਿੰਘ, ਮਾਸਟਰ ਗੁਰਮੀਤ ਸਿੰਘ, ਮਨਪ੍ਰੀਤ ਸਿੰਘ ਪੰਨੂ, ਤੇਜਾ ਸਿੰਘ, ਬਾਬਾ ਸੁਰਜੀਤ ਸਿੰਘ, ਜਗਦੀਪ ਸਿੰਘ ਜੋਨੀ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਾ ਬਹਾਦਰ ਸਕੂਲ ਨੇ ਬਣਾਈ ਵੱਖਰੀ ਪਛਾਣ

ਸ਼ੋਧੀ
ਈ

ਲੇਰਕੋਟਲਾ ਸੜਕ ਤੇ ੂ ਤੇਗ ਬਹਾਦਰ ਕੂਲ ਕਰੜਵਾਲ ਧੂਰੀ , ਖੇਡਾਂ, ਸਮਾਜਿਕ, ਤਰ ਵਿੱਚ ਵੱਧ ਚੜ੍ਹ ਣ ਕਾਰਨ ਪੂਰੇ ਪੰਜਾਬ ੀ ਵੱਖਰੀ ਪਛਾਣ ਬਣਾ ਚੁੱਕਾ ਵਿੱਚ ਚੰਗੀ ਪੜ੍ਹਾਈ ਕਾਰਨ ਆਈਲੈਟਸ 'ਚ ਚੰਗੇ ਬੈਂਡ ਵਦੇਸ਼ਾਂ ਵਿੱਚ ਸੈੱਟ ਹੋ ਰਹੇ ਹਨ। ਧੂਰੀ, ਮਾਲੇਰਕੋਟਲਾ, ਸ਼ੇਰਪੁਰ, ਸੰਗਰੂਰ ਸ਼ਹਿਰ ਤੋਂ ੀ ਬਾਰਵੀਂ ਜਮਾਤ ਦੀ ਨ ਲਈ ਇਸ ਸਕੂਲ ਨੂੰ ਪਹਿਲ ਇਸ ਸਕੂਲ ਵਿੱਚ ਕਰੀਬ 7600 ਥੀ ਵੱਖ ਵੱਖ ਵਿਸ਼ਿਆਂ ਦੀ ਕਰ ਰਹੇ ਹਨ। ਸਕੂਲ ਦੇ



ਚੇਅਰਮੈਨ ਪਰਮਜੀਤ ਸਿੰਘ ਗਿੱਲ

ਚੇਅਰਮੈਨ ਪਰਮਜੀਤ ਸਿੰਘ ਗਿੱਲ ਜੋ ਪੰਜਾਬ ਪੁਲੀਸ ਵਿੱਚ ਇਕ ਵੱਡੇ ਅਫਸਰ ਵੱਜੋਂ ਸੇਵਾ ਨਿਭਾ ਚੁੱਕੇ ਹਨ, ਦਾ ਕਹਿਣਾ ਹੈ ਕਿ ਇਸ ਸਕੂਲ ਵਿੱਚ ਬੱਚਿਆਂ ਨੂੰ ਸਭ ਤੋਂ ਪਹਿਲਾਂ ਮਾਪਿਆਂ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਪਰੰਤ ਪੜ੍ਹਾਈ ਤੇ ਸਮਾਜ ਵਿੱਚ ਰਹਿਣ ਦੇ ਤੌਰ ਤਰੀਕੇ ਸਿਖਾਏ ਜਾਂਦੇ ਹਨ। ਉਨ੍ਹਾਂ ਕਿਹਾ ਸਕੂਲ ਵਿੱਚੋਂ ਪੜ੍ਹ ਕੇ ਵਿਦਿਆਰਥੀ ਅਪਣੇ ਆਪ ਇੱਕ ਮਾਣ ਮਹਿਸੂਸ ਕਰਦਾ ਹੈ। ਪ੍ਰਿੰਸੀਪਲ ਕੈਪਟਨ ਰੋਹਿਤ ਤ੍ਰਿਵੇਦੀ ਤੇ ਜਤਿੰਦਰ ਸਿੰਘ ਸੋਨੀ ਮੰਡੇਰ ਨੇ ਦੱਸਿਆ ਆਪਣੇ ਜਨਮ ਦਿਨ 'ਤੇ ਹਰੇਕ ਵਿਦਿਆਰਥੀ ਆਪਣੇ ਨਾਮ ਦਾ ਇੱਕ ਬੂਟਾ ਕੈਂਪਸ ਵਿੱਚ ਲਾਉਂਦਾ ਹੈ ਤੇ ਉਸ ਦੀ ਦੇਖਭਾਲ ਕਰਦਾ ਹੈ ਤੇ ਇਹ ਪਰੰਮਪਰਾ ਲੰਮੇ ਸਮੇਂ ਤੋਂ ਚਲਦੀ ਆ ਰਹੀ ਹੈ।

ਲਗਾ ਕੇ, ਇਕ ਦਿਨ ਵਿੱਚ ਕੁੱਲ 1200 ਦੇ ਕਰੀਬ ਬੂਟੇ ਲਗਾਏ। ਸਕੂਲ ਪ੍ਰਿੰਸੀਪਲ ਮੈਡਮ ਤਰਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਵਿਦਿਆਰਥੀਆਂ ਦੁਆਰਾ ਲਗਾਏ ਬੂਟਿਆਂ ਦੀ ਸਾਂਭ-ਸੰਭਾਲ ਅਤੇ ਪਾਲਣ ਕਰਕੇ ਵੱਡਾ ਕਰਨ ਦੀ ਜਿੰਮੇਵਾਰੀ ਵੀ ਵਿਦਿਆਰਥੀਆਂ ਦੀ ਹੋਵੇਗੀ। -ਪੱਤਰ ਪ੍ਰੇਰਕ

## ਸਰਕਾਰ ਹੜ੍ਹਾਂ ਦੇ ਨੁਕਸਾਨ ਦਾ ਪਹਿਲ ਦੇ ਅਧਾਰ 'ਤੇ ਮੁਆਵਜ਼ਾ ਦੇਵੇ: ਕਿਸਾਨ ਯੂਨੀਅਨ

**ਧੂਰੀ:** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਦੀ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਜੱਖਲਾਂ ਅਤੇ ਬਲਾਕ ਸ਼ੇਰਪੁਰ ਦੇ ਪ੍ਰਧਾਨ ਪ੍ਰੀਤਮ ਸਿੰਘ ਬਾਦਸ਼ਾਹਪੁਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਕੁਦਰਤੀ ਕਰੋਪੀ ਕਾਰਨ ਆਏ ਹੜ੍ਹਾਂ ਨਾਲ ਖੇਤੀਬਾੜੀ ਅਤੇ ਪਸ਼ੂਆ ਅਤੇ ਹੋਰ ਹੋਏ ਨੁਕਸਾਨ ਦੇ ਤੁਰੰਤ ਮੁਆਵਜ਼ੇ ਦੀ ਮੰਗ ਕੀਤੀ ਗਈ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਪੀੜਤਾਂ ਦੀ ਵੱਧ ਤੋਂ ਵੱਧ ਮੱਦਦ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹੀ ਕਰੋਪੀ ਨੂੰ ਲੋਕਾਂ ਦੇ ਸਹਿਯੋਗ ਨਾਲ ਹੀ ਪੀੜਤਾਂ ਦਾ ਮੁੜ ਵਸੇਬਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਪਨੀਰੀ ਬੀਜਣ ਦੀ ਅਪੀਲ ਕਰਦਿਆਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਵੱਲੋਂ 126 ਦਾ ਬੀਜ ਮੁਫ਼ਤ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਉੱਤਰ ਪ੍ਰਦੇਸ਼ ਵੱਲੋਂ ਜੰਤਰ ਮੰਤਰ ਲੁਧਿਆਣਾ ਵਿਖੇ ਲਗਾਏ ਧਰਨੇ ਦੀ ਮੱਦਦ ਕਰਨ ਦਾ ਐਲਾਨ ਕਰਦਿਆਂ ਬਲਾਕ ਧੂਰੀ ਅਤੇ ਸ਼ੇਰਪੁਰ ਵੱਲੋਂ 20 ਜੁਲਾਈ ਨੂੰ ਦਿੱਲੀ ਪੁੱਜਕੇ 21 ਨੂੰ ਧਰਨੇ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਵੀ ਕੀਤਾ। ਇਸ ਮੌਕੇ ਸੂਬਾ ਸਕੱਤਰ ਰਛਪਾਲ ਸਿੰਘ ਦੋਹਲਾ, ਗੁਰਬਚਨ ਸਿੰਘ ਹਰਚੰਦਪੁਰ ਮੀਤ ਪ੍ਰਧਾਨ, ਗੁਰਜੀਤ ਸਿੰਘ ਜਨਰਲ ਸਕੱਤਰ, ਕਿਰਪਾਲ ਸਿੰਘ ਬਟੂਹਾ ਖਜਾਨਚੀ, ਮਲਕੀਤ ਸਿੰਘ ਕੰਧਾਰਗੜ੍ਹ, ਸ਼ੇਰ ਸਿੰਘ ਦੋਹਲਾ, ਗੁਰਜੰਟ ਸਿੰਘ ਭੜੀ ਮਾਨਸਾ, ਦੀਦਾਰ ਸਿੰਘ ਬਰੜ੍ਹਵਾਲ, ਬਾਵਾ ਸਿੰਘ ਧੰਦੀਵਾਲ, ਸੁਖਪਾਲ ਸਿੰਘ ਕਾਂਝਲਾ ਆਦਿ ਵੀ ਹਾਜ਼ਰ ਸਨ। -ਨਿੱਜੀ ਪੱਤਰ ਪ੍ਰੇਰਕ

## ਭੁੱਲਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ 'ਚ ਸ਼ਾਮਲ

**ਸੰਗਰੂਰ:** ਆਬਕਾਰੀ ਤੇ ਕਰ ਵਿਭਾਗ 'ਚੋ ਬਤੌਰ ਸੁਪਰਡੰਟ ਗਰੇਡ-2 ਸੇਵਾ ਮੁਕਤ ਹੋਏ ਤੇ ਸੂਬਾਈ ਮੁਲਾਜ਼ਮ ਆਗੂ ਰਹੇ ਵਾਸਵੀਰ ਸਿੰਘ ਭੁੱਲਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿਚ ਸ਼ਾਮਲ ਹੋ ਗਏ ਹਨ। ਇਥੇ ਰੱਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵਲੋਂ ਵਾਸਵੀਰ ਸਿੰਘ ਭੁੱਲਰ ਦਾ ਪਾਰਟੀ 'ਚ ਸ਼ਾਮਲ ਹੋਣ 'ਤੇ ਭਰਵਾਂ ਸਵਾਗਤ ਕਰਦਿਆਂ ਸ੍ਰੀ ਭੁੱਲਰ ਨੂੰ ਪਾਰਟੀ ਦੀ ਕੌਮੀ ਵਰਕਿੰਗ ਕਮੇਟੀ ਦਾ ਮੈਂਬਰ ਨਿਯੁਕਤ ਕਰਨ ਦਾ ਐਲਾਨ ਕਰਦਿਆਂ ਨਿਯੁਕਤੀ ਪੱਤਰ ਸੌਂਪਿਆ। -ਨਿੱਜੀ ਪੱਤਰ ਪ੍ਰੇਰਕ

## ਚੋਰੀ ਦੇ ਦੋਸ਼ ਹੇਠ ਚਾਰ ਗ੍ਰਿਫ਼ਤਾਰ

**ਟੋਹਾਣਾ:** ਪੁਲੀਸ ਨੇ ਗੁਰਦੁਆਰਾ ਝਾੜ ਸਾਹਿਬ ਵਿਖੇ ਪੂਰਨਮਾਸ਼ੀ ਦੇ ਮੇਲੇ ਦੌਰਾਨ 10 ਔਰਤਾਂ ਦੇ ਗਹਿਣੇ ਚੋਰੀ ਕਰਨ ਦੇ ਮਾਮਲੇ ਵਿੱਚ ਦੋ ਔਰਤਾਂ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ 5 ਦਿਨ ਦੇ ਪੁਲੀਸ ਰਿਮਾਂਡ ਦੌਰਾਨ ਗਰੋਹ ਦੇ ਕਬਜ਼ੇ ਵਿੱਚੋਂ 4 ਲੱਖ ਦੀ ਕੀਮਤ ਵਾਲੇ ਗਹਿਣੇ ਬਰਾਮਦ ਕੀਤੇ ਹਨ। ਡੀਐੱਸਪੀ ਜਗਦੀਸ਼ ਕਾਜਲਾ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਸੀਮਾ ਉਰਫ਼ ਅਨੀਤਾਂ, ਬੀਬੀ ਬਾਈ ਵਾਸੀ ਰਾਣੀਆ, ਰਾਜਕੁਮਾਰ ਵਾਸੀ ਸਾਰਾ ਕਲੋਨੀ ਰਾਣੀਆ ਤੇ ਰਵੀ ਵਾਸੀ ਹੈਫੇਡ ਕਲੋਨੀ ਰਾਣੀਆ ਵਜੋਂ ਹੋਈ ਹੈ। -ਪੱਤਰ ਪ੍ਰੇਰਕ

## ਨਸ਼ੀਲੀਆਂ ਗੋਲੀਆਂ ਫੜੀਆਂ

**ਅਮਰਗੜ੍ਹ:** ਇਥੇ ਪੁਲੀਸ ਨੇ ਰਪਿੰਦਰ ਸਿੰਘ ਵਾਸੀ ਬਾਠਾਂ ਤੋਂ 200 ਨਸ਼ੀਲੀਆਂ ਗੋਲੀਆਂ ਫੜੀਆਂ ਹਨ। ਇਸੇ ਤਰ੍ਹਾਂ ਸੀਆਈਏ ਮਾਹੋਰਾਣਾ ਦੀ ਪੁਲਸ ਪਾਰਟੀ ਨੇ ਇੱਕ ਗੱਡੀ ਵਿਚੋਂ 1200 ਨਸ਼ੀਲੀਆਂ ਗੋਲੀਆਂ ਫੜੀਆਂ। ਗੱਡੀ ਵਿਚ ਸਵਾਰ ਸੋਨੀ ਸਿੰਘ ਤੇ ਅਮਰ ਕੌਰ ਵਾਸੀ ਬਾਗੜੀਆਂ ਅਤੇ ਲਖਵਿੰਦਰ ਸਿੰਘ ਵਾਸੀ ਬਾਠਾਂ ਨੂੰ ਗ੍ਰਿਫਤਾਰ ਕਰ ਲਿਆ ਹੈ। -ਪੱਤਰ ਪ੍ਰੇਰਕ


**PUBLIC NOTICE**

The application regarding recruitment of salesman in the Longowal MPCASS Ltd. Longowal (Sangrur). Post of Salesman Applications should be sent to the President Bahadur Singh, Committee Members Kulwinder Singh and Darshan Singh of the Society by 08.08.2023 by 5 p.m. Candidates qualification should be graduation and minimum 120 hours computer course. Have a rural background. Age 18 to 37 years, Selection Committee's decision will be final. The rest of the conditions are pasted in the Society.

Secretary,
The Longowal M.P.C.A.S.S. Ltd.
DI-9860 Longowal (Sangrur)